ਦਸੰਬਰ/ਜਨਵਰੀ

ਸ਼੍ਰੇਣੀ-ਸੱਤਵੀਂ ਵਿਸ਼ਾ-ਪੰਜਾਬੀ

ਤਿਆਰ ਕਰਤਾ-ਰਜਵੰਤ ਕੌਰ ਪੰਜਾਬੀ ਮਿਸਟ੍ਰੈੱਸ ਸ.ਸ.ਸ.ਸ.ਮਾੜੀ ਬੁੱਚਿਆਂ ਗੁਰਦਾਸਪੁਰ

# ਯੋਜਕ

ਪਰਿਭਾਸ਼ਾ:-ਜਿਹੜੇ ਸ਼ਬਦ ਦੋ ਸ਼ਬਦਾਂ,ਵਾਕੰਸ਼ਾਂ,ਉਪ-ਵਾਕਾਂ ਜਾਂ ਵਾਕਾਂ ਦਾ ਇੱਕ-ਦੂਜੇ ਨਾਲ਼ ਸੰਬੰਧ ਜੋੜਦੇ ਹਨ,ਉਹਨਾਂ ਨੂੰ ਯੋਜਕ ਆਖਦੇ ਹਨ,ਜਿਵੇਂ-

(ੳ) ਹਰਜੀਤ ਅਤੇ ਕਰਨ ਭਰਾ ਹਨ।

(ਅ) ਉਹ ਅਮੀਰ ਹੀ ਨਹੀਂ ਸਗੋਂ ਤਾਕਤਵਰ ਵੀ ਹੈ।

## ਯੋਜਕ ਦੀਆਂ ਦੋ ਕਿਸਮਾਂ ਹੁੰਦੀਆਂ ਹਨ-

**1.**ਸਮਾਨ ਯੋਜਕ **2** ਅਧੀਨ ਯੋਜਕ

**1.** ਸਮਾਨ ਯੋਜਕ:-ਜਿਹੜੇ ਸ਼ਬਦ ਦੋ ਸਮਾਨ ਸ਼ਬਦਾਂ,ਵਾਕੰਸ਼ਾਂ,ਉਪ-ਵਾਕਾਂ ਅਤੇ ਵਾਕਾਂ ਨੂੰ ਆਪਸ ਵਿੱਚ ਜੋੜਨ ਦਾ ਕੰਮ ਕਰਦੇ ਹਨ,ਉਹਨਾਂ ਨੂੰ ਸਮਾਨ ਯੋਜਕ ਆਖਦੇ ਹਨ,ਜਿਵੇਂ-ਨਾਲ਼ੇ,ਤੇ,ਸਗੋਂ,ਪਰ,ਭਾਵੇਂ ਆਦਿ।

(ੳ) ਨਵਦੀਪ ਤੇ ਖ਼ੁਸ਼ਦੀਪ ਬਜਾਰ ਗਈਆਂ ਹਨ।

(ਅ) ਬਲਜੀਤ ਖੇਤੀ ਕਰਦਾ ਹੈ ਨਾਲ਼ੇ ਦੁਕਾਨ ਵੀ ਕਰਦਾ ਹੈ

**2.** ਅਧੀਨ ਯੋਜਕ:-ਅਧੀਨ ਯੋਜਕ ਉਹਨਾਂ ਉਪ ਵਾਕਾਂ ਨੂੰ ਜੋੜਦੇ ਹਨ ਜਿਹੜੇ ਸੁਤੰਤਰ ਨਹੀਂ ਹੁੰਦੇ।ਜਿਹੜੇ ਯੋਜਕ ਮਿਸ਼ਰਤ ਵਾਕਾਂ ਵਿੱਚ ਮੁੱਖ ਉਪ-ਵਾਕਾਂ ਅਤੇ ਅਧੀਨ ਉਪ-ਵਾਕਾਂ ਨੂੰ ਅਪਸ ਵਿੱਚ ਜੋੜਨ ਦਾ ਕੰਮ ਕਰਦੇ ਹਨ ਉਹਨਾਂ ਨੂੰ ਅਧੀਨ ਯੋਜਕ ਆਖਦੇ ਹਨ, ਜਿਵੇਂ-ਕਿਉਂਕਿ,ਜਿਵੇਂ,ਤਾਂ ਕਿ,ਜਿੱਥੇ,ਜੇਕਰ,ਚਾਹੇ,ਇਸ ਲਈ ਆਦਿ।

(ੳ) ਇਹ ਉਹ ਜੇਲ੍ਹ ਹੈ ਜਿੱਥੇ ਭਗਤ ਸਿੰਘ ਨੂੰ ਕੈਦ ਕੀਤਾ ਗਿਆ ਸੀ।

(ਅ) ਗੁਰਵਿੰਦਰ ਦਿੱਲੀ ਨਹੀਂ ਜਾ ਸਕਦਾ ਕਿਉਂਕਿ ਮਾਤਾ ਜੀ ਬਿਮਾਰ ਹਨ।